ਮਿੱਠੇ ਬੱਚੇ:- "ਮਿੱਠੇ ਬੱਚੇ - ਤੁਹਾਨੂੰ ਹੁਣ ਇਸ ਸ਼ਰੀਰ ਨੂੰ ਭੁੱਲ ਅਨਾਸਕਤ, ਕਰਮਾਤੀਤ ਬਣ ਘਰ ਚਲਣਾ ਹੈ ਇਸ ਲਈ ਸੁਕਰਮ ਕਰੋ, ਕੋਈ ਵੀ ਵਿਕਰਮ ਨਾ ਹੋਵੇ।"

ਪ੍ਰਸ਼ਨ:- ਆਪਣੀ ਅਵਸਥਾ ਦੀ ਜਾਂਚ ਕਰਨ ਦੇ ਲਈ ਕਿੰਨਾ ਤਿੰਨਾਂ ਦੀ ਮਹਿਮਾ ਨੂੰ ਸਦਾ ਯਾਦ ਰੱਖੋ?

ਉੱਤਰ:- 1. ਨਿਰਾਕਾਰ ਦੀ ਮਹਿਮਾ 2. ਦੇਵਤਾਵਾਂ ਦੀ ਮਹਿਮਾ 3. ਖੁੱਦ ਦੀ ਮਹਿਮਾ। ਹੁਣ ਜਾਂਚ ਕਰੋ ਕਿ ਨਿਰਾਕਾਰ ਬਾਪ ਦੇ ਸਮਾਨ ਪੂਜਯ ਬਣੇ ਹਾਂ, ਉਹਨਾਂ ਦੇ ਸਭ ਗੁਣਾ ਨੂੰ ਧਾਰਨ ਕੀਤਾ ਹੈ! ਦੇਵਤਾਵਾਂ ਵਰਗੀ ਰਾਇਲ ਚਲਣ ਹੈ! ਦੇਵਤਾਵਾਂ ਦਾ ਜੋ ਖਾਣ ਪਾਣ ਹੈ, ਉਨ੍ਹਾਂ ਦੇ ਜੋ ਗੁਣ ਹਨ ਉਹ ਸਾਡੇ ਹਨ? ਆਤਮਾ ਦੇ ਜੋ ਗੁਣ ਹਨ ਉਨ੍ਹਾਂ ਸਭ ਗੁਣਾ ਨੂੰ ਜਾਣ ਕੇ ਉਸਦਾ ਸਵਰੂਪ ਬਣੇ ਹਾਂ?

ਓਮ ਸ਼ਾਂਤੀ। ਬੱਚਿਆਂ ਨੂੰ ਸਮਝਾਇਆ ਗਿਆ ਹੈ ਕਿ ਆਤਮਾਵਾਂ ਦਾ ਨਿਵਾਸ ਸਥਾਨ ਹੈ ਟਾਵਰ ਆਫ਼ ਸਾਈਲੈਂਸ ਮਤਲਬ ਸ਼ਾਂਤੀ ਦੀ ਚੋਟੀ। ਜਿਵੇਂ ਹਿਮਾਲਿਆ ਪਹਾੜੀ ਦੀ ਚੋਟੀ ਹੈ ਨਾ। ਉਹ ਬੜੀ ਉਚੀ ਹੁੰਦੀ ਹੈ। ਤੁਸੀਂ ਰਹਿੰਦੇ ਵੀ ਉੱਚੇ ਤੇ ਉੱਚੇ ਹੋ। ਉਹ ਲੋਕ ਪਹਾੜ ਤੇ ਚੜ੍ਹਨ ਦੀ ਪ੍ਰੈਕਟਿਸ ਕਰਦੇ ਹਨ, ਰੇਸ ਕਰਦੇ ਹਨ। ਪਹਾੜ ਤੇ ਚੜ੍ਹਨ ਵਿੱਚ ਕਈ ਹੋਸ਼ਿਆਰ ਹੁੰਦੇ ਹਨ। ਸਾਰੇ ਨਹੀਂ ਚੜ੍ਹ ਸਕਦੇ ਹਨ। ਤੁਹਾਨੂੰ ਬੱਚਿਆਂ ਨੂੰ ਇਸ ਵਿੱਚ ਰੇਸ ਆਦਿ ਕਰਨ ਦੀ ਲੋੜ ਨਹੀਂ ਹੈ। ਆਤਮਾ ਜੋ ਪਤਿਤ ਹੈ, ਉਸ ਨੇ ਪਾਵਨ ਬਣ ਉੱਪਰ ਜਾਣਾ ਹੈ। ਇਸ ਨੂੰ ਕਿਹਾ ਜਾਂਦਾ ਹੈ ਟਾਵਰ ਆਫ਼ ਸਾਈਲੈਂਸ। ਅਤੇ ਫਿਰ ਉਹ ਹੈ ਟਾਵਰ ਆਫ ਸਾਈਂਸ। ਉਨ੍ਹਾਂ ਦੇ ਵੱਡੇ-ਵੱਡੇ ਬੰਬ ਹੁੰਦੇ ਹਨ, ਉਸਦਾ ਵੀ ਟਾਵਰ ਹੁੰਦਾ ਹੈ। ਉੱਥੇ ਰੱਖਦੇ ਹਨ ਖੌਫ਼ਨਾਕ ਚੀਜ਼ਾਂ। ਜ਼ਹਿਰ ਆਦਿ ਬੰਬਜ਼ ਵਿੱਚ ਪਾਉਂਦੇ ਹਨ। ਬਾਪ ਕਹਿੰਦੇ ਹਨ ਬੱਚੇ ਤੁਸੀਂ ਉੱਡਣਾ ਹੈ ਘਰ ਵਾਲੇ ਪਾਸੇ। ਉਹ ਫਿਰ ਘਰ ਬੈਠੇ ਇਸ ਤਰ੍ਹਾਂ ਦੇ ਬੰਬਜ਼ ਸੁੱਟਣਗੇ ਜੋ ਸਭ ਖ਼ਤਮ ਕਰ ਦੇਣਗੇ। ਤੁਹਾਨੂੰ ਤਾਂ ਇਸ ਤੋਂ ਉੱਪਰ ਜਾਣਾ ਹੈ ਟਾਵਰ ਆਫ਼ ਸਾਈਲੈਂਸ। ਓਥੋਂ ਤੋਂ ਤੁਸੀਂ ਆਏ ਹੋ ਫਿਰ ਜਾਵੋਗੇ ਓਦੋ ਜਦੋਂ ਸਤੋਪ੍ਰਧਾਨ ਬਣ ਜਾਵੋਗੇ। ਸਤੋਪ੍ਰਧਾਨ ਤੋਂ ਤਮੋਪ੍ਰਧਾਨ ਵਿੱਚ ਆਏ ਹੋ ਫਿਰ ਸਤੋਪ੍ਰਧਾਨ ਬਣਨਾ ਹੈ। ਜਿਹੜੇ ਸਤੋਪ੍ਰਧਾਨ ਬਣਨ ਦਾ ਪੁਰਸ਼ਾਰਥ ਕਰਦੇ ਉਹ ਫਿਰ ਦੂਜਿਆਂ ਨੂੰ ਵੀ ਰਸਤਾ ਦੱਸਦੇ ਹਨ। ਤੁਹਾਨੂੰ ਬੱਚਿਆਂ ਨੂੰ ਹੁਣ ਸੁਕਰਮ ਕਰਨੇ ਹਨ। ਕੋਈ ਵੀ ਵਿਕਰਮ ਨਹੀਂ ਕਰਨਾ ਹੈ। ਬਾਪ ਨੇ ਕਰਮਾਂ ਦੀ ਗਤੀ ਵੀ ਸਮਝਾਈ ਹੈ। ਰਾਵਣ ਦੇ ਰਾਜ ਵਿੱਚ ਤੁਹਾਡੀ ਦੁਰਦਸ਼ਾ (ਦਸ਼ਾ ਮਾੜੀ) ਹੋ ਗਈ ਹੈ। ਹੁਣ ਬਾਪ ਸੁਕਰਮ ਸਿਖਾਉਂਦੇ ਹਨ। 5 ਵਿਕਾਰ ਬੜੇ ਦੁਸ਼ਮਣ ਹਨ। ਮੋਹ ਵੀ ਵਿਕਰਮ ਹੈ। ਕੋਈ ਵੀ ਵਿਕਾਰ ਘੱਟ ਨਹੀਂ ਹੈ। ਮੋਹ ਰੱਖਣ ਦੇ ਨਾਲ ਦੇਹ ਅਭਿਮਾਨ ਵਿੱਚ ਫੱਸ ਜਾਂਦੇ ਹਨ ਇਸਲਈ ਬਾਪ ਕੰਨਿਆਵਾਂ ਨੂੰ ਸਮਝਾਉਂਦੇ ਹਨ। ਕੰਨਿਆ ਪਵਿੱਤਰ ਨੂੰ ਕਿਹਾ ਜਾਂਦਾ ਹੈ, ਮਾਤਾਵਾਂ ਨੂੰ ਪਵਿੱਤਰ ਬਣਨਾ ਹੈ। ਤੁਸੀਂ ਸਭ ਬ੍ਰਹਮਾਕੁਮਾਰ ਕੁਮਾਰੀਆਂ ਹੋ। ਭਾਵੇਂ ਬੁੱਢੀਆਂ ਹੋ ਪਰ ਬ੍ਰਹਮਾ ਦੇ ਬੱਚੇ ਤਾਂ ਹੋ ਨਾ।

ਬਾਪ ਸਮਝਾਉਂਦੇ ਹਨ ਮਿੱਠੇ-ਮਿੱਠੇ ਬੱਚਿਓ, ਹੁਣ ਕੁਮਾਰ ਕੁਮਾਰੀ ਦੀ ਸਟੇਜ ਤੋਂ ਵੀ ਉੱਪਰ ਜਾਓ। ਜਿਵੇਂ ਪਹਿਲਾਂ ਸ਼ਰੀਰ ਵਿੱਚ ਆਏ ਫਿਰ ਨਿਕਲਕੇ ਜਾਣਾ ਹੈ, ਮਿਹਨਤ ਕਰਨੀ ਹੈ। ਜੇਕਰ ਉੱਚ ਪਦਵੀ ਪਾਉਣਾ ਚਾਹੁੰਦੇ ਹੋ ਤਾਂ ਹੋਰ ਕਿਸੇ ਦੀ ਵੀ ਯਾਦ ਨਾਂ ਆਵੇ। ਸਾਡੇ ਕੋਲ ਹੈ ਹੀ ਕੀ। ਹੱਥ ਖਾਲੀ ਆਏ ਹਾਂ, ਕੁਝ ਵੀ ਨਹੀਂ ਹੈ। ਸਾਡਾ ਇਹ ਸ਼ਰੀਰ ਵੀ ਨਹੀਂ ਹੈ। ਹੁਣ ਇਸ ਸ਼ਰੀਰ ਨੂੰ ਭੁੱਲਣਾ ਹੈ। ਅਨਾਸਕਤ ਕਰਮਾਤੀਤ ਬਣਨਾ ਹੈ। ਟਰੱਸਟੀ ਬਣੋ। ਬਾਪ ਕਹਿੰਦੇ ਹਨ ਭਾਵੇਂ ਘੁੰਮੋ, ਫਿਰੋ, ਬਾਕੀ ਫਾਲਤੂ ਖਰਚਾ ਨਾ ਕਰੋ। ਮਨੁੱਖ ਦਾਨ ਵੀ ਬਹੁਤ ਕਰਦੇ ਹਨ। ਅਖ਼ਬਾਰ ਵਿੱਚ ਵੀ ਪੈਂਦਾ ਹੈ ਫਲਾਣਾ ਬੜਾ ਦਾਨੀ ਹੈ। ਹਸਪਤਾਲ, ਧਰਮਸ਼ਾਲਾ ਆਦਿ ਬਣਾਈ ਹੈ। ਜੋ ਬਹੁਤ ਦਾਨ ਕਰਦੇ ਹਨ ਉਨ੍ਹਾਂ ਨੂੰ ਫਿਰ ਗੌਰਮਿੰਟ(ਸਰਕਾਰ) ਤੋਂ ਟਾਈਟਲ ਮਿਲਦਾ ਹੈ। ਪਹਿਲਾਂ-ਪਹਿਲਾਂ ਟਾਈਟਲ ਹੁੰਦੇ ਹਨ ਹਿਜ਼ ਹੋਲੀਨੈੱਸ, ਹਰ ਹੋਲੀਨੈੱਸ। ਹੋਲੀ ਪਵਿੱਤਰ ਨੂੰ ਕਿਹਾ ਜਾਂਦਾ ਹੈ। ਜਿਵੇਂ ਦੇਵਤਾ ਪਵਿੱਤਰ ਸੀ ਇਸ ਤਰ੍ਹਾਂ ਬਣਨਾ ਹੈ। ਫਿਰ ਅੱਧਾਕਲਪ ਪਵਿੱਤਰ ਰਹਿਣਗੇ। ਬੜੇ ਕਹਿਣਗੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਉੱਥੇ ਵੀ ਬੱਚੇ ਪੈਦਾ ਹੁੰਦੇ ਹਨ। ਤਾਂ ਝੱਟ ਬੋਲੋ ਕਿ ਉੱਥੇ ਤਾਂ ਰਾਵਣ ਨਹੀਂ ਹੈ। ਰਾਵਣ ਨਾਲ ਹੀ ਦੁਨੀਆਂ ਵਿਕਾਰੀ ਹੁੰਦੀ ਹੈ। ਰਾਮ ਬਾਪ ਆਕੇ ਪਾਵਨ ਬਣਾਉਂਦੇ ਹਨ। ਉੱਥੇ ਕੋਈ ਪਤਿਤ ਨਹੀਂ ਹੁੰਦੇ ਹਨ। ਕੋਈ ਕਹਿੰਦੇ ਪਵਿੱਤਰਤਾ ਦੀ ਗੱਲ ਵੀ ਨਹੀਂ ਕਰਨੀ ਚਾਹੀਦੀ। ਸ਼ਰੀਰ ਕਿਵੇਂ ਚਲ ਸਕਦਾ ਹੈ। ਇਥੇ ਤਾਂ ਪਤਾ ਹੀ ਨਹੀਂ ਹੈ ਕਿ ਪਵਿੱਤਰ ਦੁਨੀਆਂ ਵੀ ਸੀ। ਹੁਣ ਅਪਵਿੱਤਰ ਦੁਨੀਆ ਹੈ। ਇਹ ਖੇਲ ਹੈ ਵੇਸ਼ਾਲਿਆ, ਸ਼ਿਵਾਲਜ... ਪਤਿੱਤ ਦੁਨੀਆਂ, ਪਾਵਨ ਦੁਨੀਆਂ। ਪਹਿਲਾਂ ਹੈ ਸੁੱਖ ਫਿਰ ਹੈ ਦੁੱਖ। ਕਹਾਣੀ ਵੀ ਹੈ ਕਿ ਕਿਸ ਤਰ੍ਹਾਂ ਰਾਜਭਾਗ ਲਿਆ ਤੇ ਫਿਰ ਕਿਵੇਂ ਗਵਾ ਦਿੱਤਾ। ਇਹ ਚੰਗੀ ਤਰ੍ਹਾਂ ਸਮਝਣਾ ਹੈ। ਅਸੀਂ ਹਾਰ ਖਾਦੀ ਹੈ ਹੁਣ ਅਸੀਂ ਹੀ ਜਿੱਤ ਪਾਉਣੀ ਹੈ। ਬਹਾਦੁਰ ਬਣਨਾ ਚਾਹੀਦਾ ਹੈ। ਆਪਣੀ ਅਵਸਥਾ ਨੂੰ ਜਮਾਣਾ ਚਾਹੀਦਾ ਹੈ। ਘਰਬਾਰ ਹੁੰਦੇ, ਸੰਭਾਲ ਕਰਦੇ ਪਵਿੱਤਰ ਜ਼ਰੂਰ ਬਣਨਾ ਹੈ। ਕੋਈ ਵੀ ਅਪਵਿੱਤਰ ਕੰਮ ਨਹੀਂ ਕਰਨਾ ਹੈ। ਮੋਹ ਵੀ ਬਹੁਤਿਆਂ ਵਿੱਚ ਹੁੰਦਾ ਹੈ। ਖੁੱਦ ਨੂੰ ਵੇਖਣਾ ਚਾਹੀਦਾ ਹੈ ਕਿ ਅਸੀਂ ਪ੍ਰਤਿਗਿਆ ਕੀਤੀ ਹੈ ਕਿ ਤੁਹਾਡੇ ਤੋਂ ਇਲਾਵਾ ਕਿਸੇ ਨੂੰ ਵੀ ਪਿਆਰ ਨਹੀਂ ਕਰਾਂਗੇ ਫਿਰ ਦੂਜਿਆਂ ਨੂੰ ਪਿਆਰ ਕਿਉਂ ਕਰਦੇ ਹੋ! ਜੋ ਪਿਆਰੀ ਤੋਂ ਪਿਆਰੀ ਚੀਜ਼ ਹੈ ਉਹ ਯਾਦ ਆਉਣੀ ਚਾਹੀਦੀ ਹੈ। ਫਿਰ ਹੋਰ ਸਾਰੇ ਦੇਹ ਦੇ ਸੰਬੰਧ ਭੁੱਲ ਜਾਣਗੇ। ਸਭ ਨੂੰ ਦੇਖਦੇ ਇਸ ਤਰ੍ਹਾਂ ਸਮਝੋ ਕਿ ਅਸੀਂ ਸਵਰਗ ਵਿੱਚ ਜਾ ਰਹੇ ਹਾਂ। ਇਹ ਸਭ ਕਲਯੁੱਗੀ ਬੰਧਨ ਹਨ। ਅਸੀਂ ਦੇਵੀ ਸੰਬੰਧ ਵਿੱਚ ਜਾ ਰਹੇ ਹਾਂ। ਹੋਰ ਕਿਸੇ ਵੀ ਮਨੁੱਖ ਦੀ ਬੁੱਧੀ ਵਿੱਚ ਇਹ ਗਿਆਨ ਨਹੀਂ ਹੈ। ਤੁਸੀਂ ਬਾਪ ਦੀ ਯਾਦ

ਵਿੱਚ ਚੰਗੀ ਤਰ੍ਹਾਂ ਰਹੋ ਤਾਂ ਖੁਸ਼ੀ ਦਾ ਪਾਰਾ ਚੜ੍ਹਿਆ ਰਹੇਗਾ। ਜਿੰਨਾਂ ਹੋ ਸਕੇ ਬੰਧਨ ਘੱਟ ਕਰਦੇ ਜਾਓ। ਖੁੱਦ ਨੂੰ ਹਲਕਾ ਕਰ ਦੇਵੋ। ਬੰਧਨ ਵਧਾਉਣ ਦੀ ਲੋੜ ਨਹੀਂ ਹੈ। ਇਸ ਰਾਜ ਭਾਗ ਨੂੰ ਪਾਉਣ ਲਈ ਖਰਚੇ ਦੀ ਲੋੜ ਨਹੀਂ ਹੈ। ਬਗੈਰ ਖਰਚੇ ਤੋਂ ਵਿਸ਼ਵ ਦੀ ਰਾਜਾਈ ਲੈਂਦੇ ਹੋ। ਉਨ੍ਹਾਂ ਦਾ ਬਾਰੂਦ, ਲਸ਼ਕਰ ਆਦਿ ਤੇ ਕਿੰਨਾ ਖਰਚਾ ਹੁੰਦਾ ਹੈ। ਤੁਹਾਡੇ ਕੋਲ ਖਰਚਾ ਕੁਝ ਵੀ ਨਹੀ ਹੈ। ਤੁਸੀਂ ਜੋ ਕੁਝ ਵੀ ਬਾਪ ਨੂੰ ਦਿੰਦੇ ਹੋ ਅਸਲ ਵਿੱਚ ਉਹ ਦਿੰਦੇ ਨਹੀਂ ਬਲਕਿ ਲੈਂਦੇ ਹੋ। ਬਾਪ ਤਾਂ ਹੈ ਗੁਪਤ। ਉਹ ਤਾਂ ਸ਼੍ਰੀਮਤ ਦਿੰਦੇ ਰਹਿੰਦੇ ਹਨ ਮਿਊਜ਼ਿਅਮ ਖੋਲੋ, ਹਸਪਤਾਲ, ਯੂਨੀਵਰਸਿਟੀ ਖੋਲੋ, ਜਿਸ ਵਿੱਚ ਤੁਸੀਂ ਆਕੇ ਨੌਲੇਜ ਲੈਂਦੇ ਹੋ। ਯੋਗ ਦੇ ਨਾਲ ਤੁਸੀਂ ਸਦਾ ਦੇ ਲਈ ਨਿਰੋਗੀ ਬਣ ਜਾਂਦੇ ਹੋ। ਹੈਲਥ, ਵੈਲਥ ਉਸਦੇ ਨਾਲ ਹੈਪੀਨੈੱਸ ਤਾਂ ਹੈ ਹੀ - 21 ਜਨਮਾਂ ਦੇ ਲਈ। ਇੱਕ ਸੈਕੰਡ ਵਿੱਚ ਮੁਕਤੀ ਜੀਵਨ ਮੁਕਤੀ ਕਿਵੇਂ ਮਿਲਦੀ ਹੈ ਆਕੇ ਸਮਝੋ। ਦਰ ਤੇ ਹੀ ਸਮਝਾ ਸਕਦੇ ਹੋ। ਜਿਵੇਂ ਦਰਵਾਜੇ ਤੇ ਭੀਖ ਮੰਗਣ ਲਈ ਆਉਂਦੇ ਹਨ ਨਾ। ਤੁਸੀਂ ਵੀ ਜਿਵੇਂ ਕਿ ਭੀਖ ਦਿੰਦੇ ਹੋ ਜਿਸਦੇ ਨਾਲ ਮਨੁੱਖ ਇਕਦਮ ਮਾਲਾਮਾਲ ਹੋ ਜਾਂਦੇ ਹਨ। ਕੋਈ ਵੀ ਹੋਵੇ ਬੋਲੋ ਕਿ ਤੁਸੀਂ ਕੀ ਭੀਖ ਮੰਗਦੇ ਹੋ। ਅਸੀਂ ਤੁਹਾਨੂੰ ਇਸ ਤਰ੍ਹਾਂ ਦੀ ਭੀਖ ਦਿੰਦੇ ਹਾਂ ਜੋ ਤੁਸੀਂ ਜਨਮ ਜਨਮਾਂਤਰ ਦੇ ਲਈ ਭੀਖ ਮੰਗਣ ਤੋਂ ਛੁੱਟ ਜਾਓਗੇ। ਬੇਹੱਦ ਦੇ ਬਾਪ ਨੂੰ ਅਤੇ ਸ੍ਰਿਸ਼ਟੀ ਚੱਕਰ ਨੂੰ ਜਾਨਣ ਦੇ ਨਾਲ ਤੁਸੀਂ ਇਹ ਬਣਦੇ ਹੋ।

ਤੁਹਾਡਾ ਇਹ ਬੈਜ ਵੀ ਕਮਾਲ ਕਰ ਸਕਦਾ ਹੈ। ਸੈਕੰਡ ਵਿੱਚ ਬੇਹੱਦ ਦਾ ਵਰਸਾ ਇਨ੍ਹਾਂ ਤੋਂ ਤੁਸੀਂ ਕਿਸੇ ਨੂੰ ਵੀ ਦੇ ਸਕਦੇ ਹੋ। ਸਰਵਿਸ ਕਰਨੀ ਚਾਹੀਦੀ ਹੈ। ਬਾਪ ਸੈਕੰਡ ਵਿੱਚ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਫਿਰ ਬਾਕੀ ਹੈ ਪੁਰਸ਼ਾਰਥ ਤੇ। ਛੋਟੇ ਵੱਡੇ ਸਭ ਨੂੰ ਕਿਹਾ ਜਾਂਦਾ ਹੈ ਬਾਪ ਨੂੰ ਯਾਦ ਕਰੋ। ਰੇਲਗੱਡੀ ਵਿੱਚ ਵੀ ਤੁਸੀਂ ਬੈਜ ਤੇ ਸਰਵਿਸ ਕਰ ਸਕਦੇ ਹੋ। ਬੈਜ ਹਮੇਸ਼ਾ ਲਗਾ ਕੇ ਰੱਖੋ, ਇਸ ਉੱਪਰ ਤੁਸੀਂ ਕਿਸੇ ਨੂੰ ਵੀ ਸਮਝਾ ਸਕਦੇ ਹੋ ਕਿ ਤੁਹਾਡੇ ਦੋ ਬਾਪ ਹਨ। ਦੋ ਤੋਂ ਵਰਸਾ ਮਿਲਦਾ ਹੈ। ਬ੍ਰਹਮਾ ਤੋਂ ਵਰਸਾ ਨਹੀਂ ਮਿਲਦਾ ਹੈ। ਉਹ ਤਾਂ ਦਲਾਲ ਹੈ। ਇਸ ਰਾਹੀਂ ਬਾਪ ਤੁਹਾਨੂੰ ਸਿਖਾਉਂਦੇ ਹਨ ਅਤੇ ਵਰਸਾ ਦਿੰਦੇ ਹਨ। ਮਨੁੱਖ, ਮਨੁੱਖ ਦੇਖ ਕੇ ਸਮਜਾਉਣਾ ਚਾਹੀਦਾ ਹੈ। ਯਾਤਰਾ ਤੇ ਵੀ ਬੜੇ ਜਾਂਦੇ ਹਨ। ਉਹ ਸਭ ਹਨ ਜਿਸਮਾਨੀ ਯਾਤਰਾਵਾਂ। ਇਹ ਹੈ ਰੂਹਾਨੀ। ਇਸ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਜਿਸਮਾਨੀ ਯਾਤਰਾ ਨਾਲ ਤਾਂ ਧੱਕੇ ਖਾਂਦੇ ਰਹੇ। ਪੌੜੀ ਦਾ ਚਿੱਤਰ ਵੀ ਹਮੇਸ਼ਾ ਨਾਲ ਹੋਣਾ ਚਾਹੀਦਾ ਹੈ। ਸਰਵਿਸ ਕਰਦੇ ਰਹੋ ਤਾਂ ਉਨ੍ਹਾਂ ਨੂੰ ਭੋਜਨ ਆਦਿ ਦੀ ਵੀ ਆਸ ਨਹੀਂ ਰਹੇਗੀ। ਕਿਹਾ ਜਾਂਦਾ ਹੈ ਖੁਸ਼ੀ ਵਰਗੀ ਖੁਰਾਕ ਨਹੀਂ। ਧਨ ਨਹੀਂ ਹੋਵੇਗਾ ਤਾਂ ਉਹਨਾਂ ਨੂੰ ਵਾਰ-ਵਾਰ ਭੁੱਖ ਲਗਦੀ ਰਹੇਗੀ। ਧਨਵਾਨ ਰਾਜਿਆਂ ਦਾ ਪੇਟ ਭਰਿਆ ਰਹਿੰਦਾ ਹੈ। ਬੜੀ ਰਾਇਲ ਚਲਨ ਹੁੰਦੀ ਹੈ। ਗੱਲਬਾਤ ਵੀ ਇਕਦਮ ਫਸਟ ਕਲਾਸ। ਤੁਸੀਂ ਸਮਝਦੇ ਹੋ ਅਸੀਂ ਕੀ ਬਣ ਰਹੇ ਹਾਂ! ਉੱਥੇ ਖਾਣ ਪੀਣ ਸਭ ਬੜਾ ਰਾਇਲਟੀ ਨਾਲ ਹੁੰਦਾ ਹੈ। ਬੇ ਟਾਈਮ ਕਦੇ ਨਹੀਂ ਖਾਣਗੇ। ਬੜਾ ਰਾਇਲਟੀ ਤੇ ਸ਼ਾਂਤੀ ਨਾਲ ਖਾਂਦੇ ਹਨ। ਤੁਹਾਨੂੰ ਸਾਰੇ ਗੁਣ ਸਿੱਖਣੇ ਚਾਹੀਦੇ ਹਨ। ਨਿਰਾਕਾਰ ਦੀ ਮਹਿਮਾ, ਦੇਵਤਾਵਾਂ ਦੀ ਮਹਿਮਾ ਤੇ ਆਪਣੀ ਮਹਿਮਾ ਤਿੰਨਾਂ ਦੀ ਜਾਂਚ ਕਰੋ। ਹੁਣ ਤੁਸੀਂ ਬਾਬਾ ਦੇ ਗੁਣਾਂ ਵਾਲੇ ਬਣ ਰਹੇ ਹੋ ਫਿਰ ਬਣਾਂਗੇ ਦੇਵਤਾਵਾਂ ਦੇ ਗੁਣ ਵਾਲੇ। ਤਾਂ ਇਹ ਗੁਣ ਹੁਣ ਹੀ ਧਾਰਨ ਕਰਨੇ ਚਾਹੀਦੇ ਹਨ। ਹੁਣ ਤੁਸੀਂ ਦੈਵੀ ਗੁਣ ਧਾਰਨ ਕਰ ਰਹੇ ਹੋ। ਗਾਉਂਦੇ ਵੀ ਹਨ ਸ਼ਾਂਤੀ ਦਾ ਸਾਗਰ, ਪ੍ਰੇਮ ਦਾ ਸਾਗਰ... ਜਿਵੇਂ ਬਾਪ ਪੂਜਿਆ ਜਾਂਦਾ ਹੈ ਉਸੇ ਤਰ੍ਹਾਂ ਤੁਸੀਂ ਵੀ ਪੂਜੇ ਜਾਂਦੇ ਹੋ। ਬਾਪ ਤੁਹਾਨੂੰ ਨਮਸਤੇ ਕਰਦੇ ਹਨ। ਤੁਹਾਡੀ ਪੂਜਾ ਵੀ ਡਬਲ ਹੁੰਦੀ ਹੈ। ਇਹ ਸੱਭ ਗੱਲਾਂ ਬਾਪ ਹੀ ਸਮਝਾਉਂਦੇ ਹਨ। ਤੁਹਾਡੀ ਮਹਿਮਾ ਵੀ ਸਮਝਾਉਂਦੇ ਹਨ ਕਿ ਪੁਰਸ਼ਾਰਥ ਕਰ ਕੇ ਇਸ ਤਰ੍ਹਾਂ ਦਾ ਬਣੋ। ਦਿੱਲ ਤੋਂ ਪੁੱਛਣਾ ਚਾਹੀਦਾ ਹੈ ਕਿ ਅਸੀਂ ਇਸ ਤਰ੍ਹਾਂ ਦੇ ਬਣੇ ਹਾਂ? ਜਿਵੇਂ ਅਸੀਂ ਅਸ਼ਰੀਰੀ ਆਏ ਸੀ ਓਵੇ ਹੀ ਅਸ਼ਰੀਰੀ ਵਾਪਿਸ ਜਾਣਾ ਹੈ। ਸ਼ਾਸਤਰਾਂ ਵਿੱਚ ਵੀ ਹੈ ਸੋਟੀ (ਲਾਠੀ) ਵੀ ਛੱਡੋ। ਪ੍ਰੰਤੂ ਇਸ ਵਿੱਚ ਵਿੱਚ ਸੋਟੀ ਦੀ ਕੋਈ ਗੱਲ ਨਹੀਂ ਹੈ। ਇੱਥੇ ਤਾਂ ਸ਼ਰੀਰ ਛੱਡਣ ਦੀ ਗੱਲ ਹੈ। ਬਾਕੀ ਸਭ ਹੈ ਭਗਤੀ ਮਾਰਗ ਦੀਆਂ ਗੱਲਾਂ। ਇੱਥੇ ਬਸ ਬਾਪ ਨੂੰ ਯਾਦ ਕਰਨਾ ਹੈ। ਬਾਪ ਬਗੈਰ ਦੂਜਾ ਨਾ ਕੋਈ।

ਤੁਹਾਨੂੰ ਬੱਚਿਆਂ ਨੂੰ ਗਿਆਨ ਮਿਲਿਆ ਹੈ, ਤੁਸੀਂ ਜਾਣਦੇ ਹੋ ਮਨੁੱਖ ਕਿੰਨਾਂ ਗੁਰੂਆਂ ਦੀਆਂ ਜ਼ੰਜੀਰਾਂ ਵਿੱਚ ਫੱਸੇ ਹੋਏ ਹਨ। ਅਨੇਕ ਤਰ੍ਹਾਂ ਦੇ ਗੁਰੂ ਹਨ। ਹੁਣ ਤੁਹਾਨੂੰ ਨਾ ਗੁਰੂ ਚਾਹੀਦਾ ਹੈ, ਨਾ ਕੁਝ ਪੜਨਾ ਹੀ ਹੈ। ਬਾਪ ਨੇ ਇੱਕ ਮੰਤਰ ਦੇ ਦਿੱਤਾ ਹੈ - ਮਾਮੇਕਮ ਯਾਦ ਕਰੋ। ਵਰਸੇ ਨੂੰ ਯਾਦ ਕਰੋ ਅਤੇ ਦੈਵੀਗੁਣ ਧਾਰਨ ਕਰੋ। ਘਰਬਾਰ ਵਿੱਚ ਰਹਿੰਦੇ ਹੋਏ ਪਵਿੱਤਰ ਬਣਨਾ ਹੈ। ਇੱਥੇ ਰਿਫ਼ਰੈਸ਼(ਤਰੋ ਤਾਜ਼ਾ) ਹੋਣ ਦੇ ਲਈ ਆਉਂਦੇ ਹੋ। ਇੱਥੇ ਸਮਝਣਗੇ ਅਸੀਂ ਬਾਬਾ ਦੇ ਸਾਮਣੇ ਬੈਠੇ ਹਾਂ। ਉੱਥੇ ਸਮਝਣਗੇ ਕਿ ਬਾਬਾ ਮਧੂਬਨ ਵਿੱਚ ਬੈਠੇ ਹਨ। ਜਿਵੇਂ ਸਾਡੀ ਆਤਮਾ ਤਖਤ ਤੇ ਬੈਠੀ ਹੈ ਓਵੇਂ ਹੀ ਬਾਬਾ ਵੀ ਇਸ ਤਖਤ ਤੇ ਬੈਠੇ ਹਨ। ਬਾਬਾ ਕੋਈ ਗੀਤਾ ਸ਼ਾਸਤਰ ਹੱਥ ਵਿੱਚ ਨਹੀਂ ਲੈਂਦੇ ਹਨ। ਇਸ ਤਰ੍ਹਾਂ ਵੀ ਨਹੀਂ ਕਿ ਇਸ ਨੇ ਕੰਠ ਕੀਤਾ ਹੋਇਆ ਹੈ। ਉਹ ਤਾਂ ਸੰਨਿਆਸੀ ਆਦਿ ਕੰਠ ਕਰਦੇ ਹਨ। ਇਹ ਤਾਂ ਹੈ ਗਿਆਨ ਦਾ ਸਾਗਰ। ਬ੍ਰਹਮਾ ਦੇ ਰਾਹੀਂ ਸਭ ਰਾਜ਼ ਸਮਝਾਉਂਦੇ ਹਨ। ਸ਼ਿਵਬਾਬਾ ਕਦੇ ਕੋਈ ਸਕੂਲ, ਸਤਿਸੰਗ ਵਿੱਚ ਗਿਆ ਹੈ ਕੀ? ਬਾਪ ਤਾਂ ਸਭ ਕੁਝ ਜਾਣਦੇ ਹੀ ਹਨ। ਕੋਈ ਕਹੇ ਕਿ ਭਲਾ ਸਾਈਂਸ ਜਾਣਦੇ ਹੋ? ਬਾਬਾ ਕਹਿੰਦੇ ਹਨ ਸਾਈਂਸ ਨਾਲ ਅਸੀਂ ਕੀ ਕਰਨਾ ਹੈ। ਮੈਨੂੰ ਬੁਲਾਉਂਦੇ ਹਨ ਕਿ ਆਕੇ ਪਤਿਤਾਂ ਨੂੰ ਪਾਵਨ ਬਣਾਓ, ਇਸ ਲਈ ਸਾਈਂਸ ਕਿਉਂ ਸਿੱਖਾਂਗਾ। ਕਹਿਣਗੇ ਸ਼ਿਵਬਾਬਾ ਫਲਾਣਾ ਸ਼ਾਸਤਰ ਪੜੇ ਹਨ? ਅਰੇ ਇਨ੍ਹਾਂ ਲਈ ਤਾਂ ਕਿਹਾ ਜਾਂਦਾ ਹੈ ਕਿ ਗਿਆਨ ਦਾ ਸਾਗਰ। ਇਹ ਤਾਂ ਭਗਤੀ ਮਾਰਗ ਦੇ ਸ਼ਾਸਤਰ ਹਨ। ਵਿਸ਼ਨੂੰ ਦੇ ਹੱਥ ਵਿੱਚ ਸ਼ੰਖ, ਚੱਕਰ ਆਦਿ ਦੇ ਦਿੱਤਾ ਹੈ। ਮਤਲਬ ਕੁਝ ਨਹੀਂ ਜਾਣਦੇ। ਅਸਲ ਵਿੱਚ ਇਹ ਅਲੰਕਾਰ ਬ੍ਰਹਮਾ ਨੂੰ ਤੇ ਬ੍ਰਾਹਮਣਾ ਨੂੰ ਦੇਣੇ ਚਾਹੀਦੇ ਹਨ। ਸੂਖਸ਼ਮਵਤਨ ਵਿੱਚ ਤਾਂ ਇਹ ਸ਼ਰੀਰ ਹੀ ਨਹੀਂ ਹੈ। ਬ੍ਰਹਮਾ ਦਾ ਸਾਕਸ਼ਾਤਕਾਰ ਘਰ ਬੈਠੇ ਬਹੁਤਿਆਂ ਨੂੰ ਹੁੰਦਾ ਹੈ। ਕ੍ਰਿਸ਼ਨ ਦਾ ਵੀ ਹੁੰਦਾ ਹੈ। ਇਸਦਾ ਮਤਲਬ ਹੈ ਕਿ ਇਸ ਬ੍ਰਹਮਾ ਦੇ ਕੋਲ ਜਾਵੋ ਤਾਂ ਕ੍ਰਿਸ਼ਨ ਜਿਹਾ ਬਣ ਜਾਓਗੇ ਅਤੇ ਕ੍ਰਿਸ਼ਨ ਦੀ ਗੋਦ ਵਿੱਚ ਆ ਜਾਵਾਂਗੇ। ਉਹ ਸਿਰਫ ਪ੍ਰਿੰਸ ਦਾ ਸਾਕਸ਼ਾਤਕਾਰ ਹੁੰਦਾ ਹੈ। ਜੇਕਰ ਚੰਗੀ ਤਰ੍ਹਾਂ ਪੜੋਗੇ ਤਾਂ ਇਹ ਬਣ ਸਕਦੇ ਹੋ। ਇਹ ਹੈ ਏਮ ਆਬਜੈਕਟ। ਸੈਂਪਲ ਤਾਂ

ਇੱਕ ਦਾ ਦੱਸਣਾ ਪੈਂਦਾ ਹੈ। ਉਸਨੂੰ ਮਾਡਲ ਕਹਿੰਦੇ ਹਨ। ਤੁਸੀਂ ਜਾਣਦੇ ਹੋ ਬਾਬਾ ਆਇਆ ਹੈ ਸੱਤ ਨਰਾਇਣ ਦੀ ਕਥਾ ਸੁਣਾਉਣ ਦੇ ਲਈ, ਨਰ ਤੋਂ ਨਰਾਇਣ ਬਣਾਉਣ ਦੇ ਲਈ। ਪਹਿਲਾਂ ਤਾਂ ਜਰੂਰ ਪ੍ਰਿੰਸ ਬਣਾਂਗੇ। ਸ਼ਾਸਤਰਾਂ ਵਿੱਚ ਦਿਖਾਇਆ ਹੈ ਕ੍ਰਿਸ਼ਨ ਨੇ ਮੱਖਣ ਖਾਦਾ, ਅਸਲ ਵਿੱਚ ਇਹ ਹੈ ਵਿਸ਼ਵ ਦੀ ਬਾਦਸ਼ਾਹੀ ਦਾ ਗੋਲਾ। ਬਾਕੀ ਚੰਦਰਮਾ ਆਦਿ ਕਿਵੇਂ ਮੁੱਖ ਵਿੱਚ ਦਿਖਾਉਣਗੇ। ਕਹਿੰਦੇ ਵੀ ਹਨ ਦੋ ਬਿੱਲੇ ਆਪਸ ਵਿੱਚ ਲੜੇ, ਵਿੱਚ ਜਿਹੜਾ ਸ੍ਰਿਸ਼ਟੀ ਦਾ ਮਾਲਿਕ ਬਣਿਆ ਉਸਨੂੰ ਮੱਖਣ ਦਿਖਾ ਦਿੱਤਾ ਹੈ। ਹੁਣ ਖ਼ੁੱਦ ਨੂੰ ਦੇਖੋ ਕਿ ਅਸੀਂ ਇਸ ਤਰ੍ਹਾਂ ਦੇ ਬਣੇ ਹਾਂ ਜਾਂ ਨਹੀਂ। ਇਹ ਪੜ੍ਹਾਈ ਹੈ ਰਾਜਾਈ ਪਦਵੀ ਦੇ ਲਈ। ਪਰਜਾ ਪਾਠਸ਼ਾਲਾ ਥੋੜੀ ਕਹਾਂਗੇ। ਇਹ ਹੈ ਹੀ ਨਰ ਤੋਂ ਨਰਾਇਣ ਬਨਣ ਦੀ ਪਾਠਸ਼ਾਲਾ। ਗਾਡਲੀ ਯੂਨੀਵਰਸਿਟੀ। ਭਗਵਾਨ ਪੜ੍ਹਾਉਂਦੇ ਹਨ। ਬਾਬਾ ਨੇ ਕਿਹਾ ਹੈ ਲਿਖੋ ਇਸ਼ਵਰਈਏ ਵਿਸ਼ਵ ਵਿਦਿਆਲਿਆ, ਬਰੈਕਟ ਵਿੱਚ ਲਿੱਖੋ ਯੂਨੀਵਰਸਿਟੀ। ਪਰ ਇਹ ਲਿਖਣਾ ਭੁੱਲ ਜਾਂਦੇ ਹਨ। ਤੁਸੀਂ ਕਿੰਨਾ ਵੀ ਲਿਟਰੇਚਰ ਦੇਵੋ ਤਾਂ ਵੀ ਕੁਝ ਸਮਝਣਗੇ ਨਹੀਂ। ਇਸ ਵਿੱਚ ਆਮਣੇ ਸਾਮਣੇ ਸਮਝਾਉਣਾ ਪੈਂਦਾ ਹੈ। ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ। ਜਨਮ ਜਨਮਾਂਤਰ ਤੁਸੀਂ ਹੱਦ ਦਾ ਵਰਸਾ ਲੈਂਦੇ ਆਏ ਹੋ। ਤੁਸੀਂ ਬੈਜ ਤੇ ਵੀ ਸਰਵਿਸ ਕਰ ਸਕਦੇ ਹੋ। ਭਾਵੇਂ ਕੋਈ ਮਜ਼ਾਕ ਵੀ ਕਰਨ। ਦੋ ਬਾਪ ਦੀ ਗੱਲ ਬੜੀ ਵਧੀਆ ਹੈ। ਇਸ ਤਰ੍ਹਾਂ ਬੜੇ ਆਪਣੇ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚੇ ਵੀ ਬਾਪ ਨੂੰ ਸਮਝਾ ਲੈਂਦੇ ਹਨ। ਔਰਤ ਆਪਣੇ ਪਤੀ ਨੂੰ ਲੈ ਆਉਂਦੀ ਹੈ। ਕਿਤੇ-ਕਿਤੇ ਬੜੇ ਝਗੜਦੇ ਹਨ। ਹੁਣ ਤੁਸੀਂ ਜਾਣਦੇ ਹੋ ਅਸੀਂ ਸਭ ਆਤਮਾਵਾਂ ਬੱਚੇ ਹਾਂ। ਵਰਸੇ ਦੇ ਹੱਕਦਾਰ ਹਾਂ। ਲੌਕਿਕ(ਦੁਨੀਆਂ ਵਿੱਚ) ਸੰਬੰਧ ਵਿੱਚ ਕੁੜੀ ਵਿਆਹ ਕਰ ਕੇ ਦੂਸਰੇ ਘਰ ਜਾਂਦੀ ਹੈ, ਉਸਨੂੰ ਕੰਨਿਆ ਦਾਨ ਕਿਹਾ ਜਾਂਦਾ ਹੈ। ਦੂਸਰੇ ਨੂੰ ਵਰਸਾ ਦਿੰਦੇ ਹਨ। ਹੁਣ ਤਾਂ ਇਹ ਕੰਮ ਨਹੀਂ ਕਰਨਾ ਹੈ। ਉੱਥੇ ਸਵਰਗ ਵਿੱਚ ਵੀ ਕੁੜੀਆਂ ਦੂਸਰੇ ਘਰ ਜਾਂਦੀਆਂ ਹਨ ਪਰ ਪਵਿੱਤਰ ਰਹਿੰਦੀਆਂ ਹਨ। ਇਹ ਹੈ ਪਤਿਤ ਦੁਨੀਆਂ ਅਤੇ ਉਹ ਸਤਯੁੱਗ ਹੈ ਸ਼ਿਵਾਲਜ, ਪਾਵਨ ਦੁਨੀਆ। ਤੁਸੀਂ ਬੱਚਿਆਂ ਤੇ ਹੁਣ ਹੈ ਬ੍ਰਹਿਸਪਤੀ ਦੀ ਦਸ਼ਾ। ਤੁਸੀਂ ਸਵਰਗ ਵਿੱਚ ਤਾਂ ਜਰੂਰ ਜਾਓਗੇ ਇਹ ਤਾਂ ਪੱਕਾ-ਪੱਕਾ ਹੈ। ਬਾਕੀ ਪੁਰਸ਼ਾਰਥ ਦੇ ਨਾਲ ਉੱਚਾ ਪੱਦ ਪਾਉਣਾ ਹੈ। ਦਿਲ ਤੋਂ ਪੁੱਛਣਾ ਹੈ ਕਿ ਅਸੀਂ ਫਲਾਣੇ ਵਾਂਗੂ ਸਰਵਿਸ ਕਰਦੇ ਹਾਂ। ਇਸ ਤਰ੍ਹਾਂ ਨਹੀਂ ਕਿ ਬ੍ਰਾਹਮਣੀ (ਟੀਚਰ) ਚਾਹੀਦੀ ਹੈ, ਟੀਚਰ ਤੁਸੀਂ ਖ਼ੁੱਦ ਬਣੋ। ਅੱਛਾ!

ਬੱਚਿਆਂ ਨੂੰ ਪੁਰਸ਼ਾਰਥ ਕਰਨਾ ਹੈ। ਬਾਕੀ ਬਾਬਾ ਕਿਸ ਤੋਂ ਪੈਸੇ ਲੈ ਕੇ ਕੀ ਕਰਣਗੇ। ਤੁਸੀਂ ਜਾਕੇ ਮਿਊਜ਼ਿਅਮ ਆਦਿ ਖੋਲੋ। ਮਕਾਨ ਆਦਿ ਸਭ ਇੱਥੇ ਹੀ ਖ਼ਤਮ ਹੋ ਜਾਣਗੇ। ਬਾਬਾ ਤਾਂ ਵਿ)ਪਾਰੀ ਹੈ ਨਾ। ਸ਼ਰਾਫ ਵੀ ਹੈ। ਦੁੱਖ ਦੀਆਂ ਜ਼ੰਜੀਰਾਂ ਤੋਂ ਛੁਡਾ ਕੇ ਸੁੱਖ ਦੇਣ ਵਾਲਾ ਹੈ। ਹੁਣ ਬਾਪ ਕਹਿੰਦੇ ਹਨ ਬਹੁਤ ਗਈ ਥੋੜੀ ਰਹੀ… ਤੁਸੀਂ ਦੇਖਦੇ ਰਹੋਗੇ, ਬੜੇ ਹੰਗਾਮੇ ਹੋਣਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਟਰੱਸਟੀ ਅਤੇ ਅਨਾਸਕਤ ਬਣਕੇ ਰਹੋ। ਕੋਈ ਵੀ ਫਾਲਤੂ ਖਰਚਾ ਨਾ ਕਰੋ। ਖ਼ੁੱਦ ਨੂੰ ਦੇਵਤਾਵਾਂ ਵਰਗਾ ਪਵਿੱਤਰ ਬਣਾਉਣ ਦਾ ਪੁਰਸ਼ਾਰਥ ਕਰਦੇ ਰਹੋ।

2. ਇਕ ਪਿਆਰੀ ਤੋਂ ਪਿਆਰੀ ਚੀਜ਼ (ਬਾਪ) ਨੂੰ ਯਾਦ ਕਰੋ। ਜਿੰਨਾ ਹੋ ਸਕੇ ਕਲਯੁੱਗੀ ਬੰਧਨ ਨੂੰ ਹਲਕਾ ਕਰਦੇ ਜਾਓ, ਵਧਾਓ ਨਹੀਂ। ਸਤਿਯੁੱਗੀ ਦੈਵੀ ਸੰਬੰਧ ਵਿੱਚ ਜਾ ਰਹੇ ਹਾਂ, ਇਸ ਖੁਸ਼ੀ ਵਿੱਚ ਰਹੋ।

ਵਰਦਾਨ:- ਪੁਰਾਣੇ ਸੁਭਾਅ - ਸੰਸਕਾਰ ਦੇ ਬੋਝ ਨੂੰ ਸਮਾਪਤ ਕਰ ਡਬਲ ਲਾਈਟ ਰਹਿਣ ਵਾਲੇ ਫਰਿਸ਼ਤਾ ਭਵ।
ਜਦ ਬਾਪ ਦੇ ਬਣ ਗਏ ਤਾਂ ਸਾਰਾ ਬੋਝ ਬਾਪ ਨੂੰ ਦੇ ਦੇਵੋ। ਪੁਰਾਣੇ ਸੁਭਾਅ ਸੰਸਕਾਰ ਦਾ ਥੋੜ੍ਹਾ ਬੋਝ ਵੀ ਰਿਹਾ ਹੋਇਆ ਹੋਵੇਗਾ ਤਾਂ ਉਪੱਰ ਤੋਂ ਹੇਠਾਂ ਲੈ ਆਵੇਗਾ। ਉੱਡਦੀ ਕਲਾ ਦਾ ਅਨੁਭਵ ਕਰਨ ਨਹੀਂ ਦਵੇਗਾ ਇਸਲਈ ਬਾਪਦਾਦਾ ਕਹਿੰਦੇ ਹਨ ਸਭ ਦੇ ਦਵੋ। ਇਹ ਰਾਵਣ ਦੀ ਪ੍ਰਾਪਰਟੀ ਆਪਣੇ ਕੋਲ ਰੱਖੋਗੇ ਤਾਂ ਦੁੱਖ ਹੀ ਪਾਵੋਗੇ। ਫਰਿਸ਼ਤਾ ਮਤਲਬ ਜਰਾ ਵੀ ਰਾਵਣ ਦੀ ਪ੍ਰਾਪਰਟੀ ਨਾ ਹੋਵੇ। ਸਭ ਪੁਰਾਣੇ ਖਾਤੇ ਭਸਮ ਕਰੋ ਤਾਂ ਕਹਾਂਗੇ ਡਬਲ ਲਾਈਟ ਫਰਿਸ਼ਤਾ।

ਸਲੋਗਨ:- ਨਿਰਭੈ ਅਤੇ ਹਰਸ਼ਿਤ ਮੁੱਖ ਹੋ ਬੇਹੱਦ ਦੇ ਖੇਲ ਨੂੰ ਦੇਖੋ ਤਾਂ ਹਲਚਲ ਵਿੱਚ ਨਹੀਂ ਆਵੋਗੇ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਜਿਵੇਂ ਬ੍ਰਹਮਾ ਬਾਪ ਨੂੰ ਚਲਦਾ - ਫਿਰਦਾ ਫਰਿਸ਼ਤਾ, ਦੇਹਭਾਨ ਰਹਿਤ ਅਨੁਭਵ ਕੀਤਾ। ਕਰਮ ਕਰਦੇ, ਗੱਲਬਾਤ ਕਰਦੇ, ਡਾਇਰੈਕਸ਼ਨ ਦਿੰਦੇ, ਉਮੰਗ - ਉਤਸਾਹ ਵਧਾਉਂਦੇ ਵੀ ਦੇਹ ਤੋਂ ਨਿਆਰਾ, ਸੂਖਸ਼ਮ ਪ੍ਰਕਾਸ਼ ਰੂਪ ਦੀ ਅਨੁਭੂਤੀ ਕਰਵਾਈ, ਇਵੇਂ ਫਾਲੋ ਫਾਦਰ ਕਰੋ। ਸਦਾ ਦੇਹ - ਭਾਨ ਤੋਂ ਨਿਆਰੇ ਰਹੋ, ਹਰ ਇੱਕ ਨੂੰ ਨਿਆਰਾ ਰੂਪ ਵਿਖਾਈ ਦੇਵੇ, ਇਸ ਨੂੰ ਕਿਹਾ ਜਾਂਦਾ ਹੈ ਦੇਹ ਵਿੱਚ ਰਹਿੰਦੇ ਫਰਿਸ਼ਤਾ ਸਥਿਤੀ।